بِسۡمِ اللّٰہِ الرَّحۡمٰنِ الرَّحِیۡمِ　　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.02.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਅਹਮਦੀਆ ਮੁਸਲਿਮ ਜਮਾਤ ਦੇ ਲੰਮੇ ਚਿਰ ਤੋਂ ਸੇਵਕ ਸਨਮਾਨ ਯੋਗ ਚੌਧਰੀ ਹਮੀਦੁਲੱਾਹ ਸਾਹਬ ਵਕੀਲੇ ਆਲਾ ਤਹਿਰੀਕੇ ਜਦੀਦ ਪਾਕਿਸਤਾਨ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਫ਼ਰਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਜਮਾਤ ਦੇ ਇਕ ਚਿਰਾਂ ਤੋਂ ਸੇਵਕ ਸਨਮਾਨਯੋਗ ਚੌਧਰੀ ਹਮੀਦੁਲੱਾਹ ਸਾਹਬ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿੰਨ੍ਹਾਂ ਦਾ ਬੀਤੇ ਦਿਨੀ ਦੇਹਾਂਤ ਹੋ ਗਿਆ । ਆਪ ਵਕੀਲੇ ਆਲਾ ਤਹਿਰੀਕੇ ਜਦੀਦ ਪਾਕਿਸਤਾਨ ਸਨ । ਸਦਰ ਮਜਲਿਸ ਤਹਿਰੀਕੇ ਜਦੀਦ ਅੰਜੁਮਨ ਸਨ ਅਤੇ ਅਫ਼ਸਰ ਜਲਸਾ ਸਾਲਾਨਾ ਦੀ ਸੇਵਾ'ਤੇ ਵੀ ਇਕ ਲੰਮਾ ਸਮਾਂ ਨਿਰਧਾਰਤ ਰਹੇ ਸਨ । 7 ਫ਼ਰਵਰੀ ਨੂੰ ਤਾਹਿਰ ਹਾਰਟ ਇੰਸਟੀਟਿਊਟ ਵਿੱਚ 87 ਸਾਲ ਦੀ ਉਮਰ ਵਿੱਚ ਇਹ ਅਕਾਲ ਪੁਰਖ ਨੂੰ ਪਿਆਰੇ ਹੋ ਗਏ ।

ਸਨਮਾਨਯੋਗ ਚੌਧਰੀ ਸਾਹਬ ਦੇ ਪਿਤਾ ਦਾ ਨਾਂ ਬਾਬੂ ਮੁਹਮੱਦ ਬਖ਼ਸ਼ ਸਾਹਬ ਤੇ ਮਾਤਾ ਦਾ ਨਾਂ ਆਇਸ਼ਾ ਬੀਬੀ ਸਾਹਿਬਾ ਸੀ। ਪਿੰਡ ਭੇਰਾ ਦੇ ਖੇਤਰ ਦੇ ਰਹਿਣ ਵਾਲੇ ਸਨ । ਚੌਧਰੀ ਸਾਹਬ 1934 ਈ. ਵਿੱਚ ਕਾਦੀਆਂ ਵਿੱਚ ਪੈਦਾ ਹੋਏ । ਇਹਨਾਂ ਦੇ ਪਿਤਾ ਜੀ ਨੇ ਇਹਨਾ ਦੇ ਜਨਮ ਤੋਂ ਪੰਜ ਸਾਲ ਪਹਿਲਾਂ ਅਹਮਦੀਅਤ ਕੁਬੂਲ ਕੀਤੀ ਸੀ ।

ਚੌਧਰੀ ਸਾਹਬ ਨੇ ਅਰੰਭਕ ਸਿੱਖਿਆ ਕਾਦੀਆਂ ਵਿੱਚ ਹੀ ਹਾਸਲ ਕੀਤੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਵਕਫ਼ ਦੀ ਤਹਿਰੀਕ'ਤੇ ਹਾਂ ਕਹਿੰਦਿਆਂ ਹੋਇਆਂ ਆਪ ਦੀ ਮਾਤਾ ਆਪ ਨੂੰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਕੋਲ ਲੈ ਗਈ ਅਤੇ ਹੁਜ਼ੂਰ ਨੂੰ ਅਰਜ਼ ਕੀਤੀ ਕਿ ਇਹ ਮੇਰਾ ਬਚੱਾ ਹੈ ਮੈਂ ਇਸਨੂੰ ਧਰਮ ਦੀ ਸੇਵਾ ਲਈ ਵਕਫ਼ ਕਰਦੀ ਹਾਂ । 1949 ਈ. ਵਿੱਚ ਇਹਨਾ ਨੇ ਮੈਟ੍ਰਿਕ ਪਾਸ ਕੀਤੀ ਫਿਰ ਵਕਾਲਤੇ ਦੀਵਾਨ ਰਬਵਾ ਦੇ ਨਿਰਦੇਸ਼ਾਂ ਅਨੁਸਾਰ ਇੰਟਰਵੀਊ ਲਈ ਰਬਵਾ ਆਏ ਲਿਖੱਤੀ ਪ੍ਰੀਖਿਆ ਦੇ ਬਾਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ ਆਪ ਇਹਨਾ ਦਾ ਇੰਟਰਵੀਊ ਲਿਆ ਅਤੇ ਆਪ ਰਜ਼ੀ ਅਲੱਾਹ ਅਨਹੁ ਦੇ ਨਿਰਦੇਸ਼ਾਂ ਅਨੁਸਾਰ ਇਹਨਾ ਦੀ ਸਿੱਖਿਆ ਚਲਦੀ ਰਹੀ ਅਤੇ ਸਕੂਲ ਤੇ ਯੂਨੀਵਰਸਿਟੀ ਦੀ ਸਿੱਖਿਆ ਪ੍ਰਾਪਤ ਕੀਤੀ। 1955 ਈ. ਵਿੱਚ ਤਾਲੀਮੁਲ ਇਸਲਾਮ ਕਾਲਜ ਵਿੱਚ ਅਧਿਆਪਕ ਨਿਯੁਕਤ ਹੋਏ ਫਿਰ ਮੈਥੇਮੈਟਿਕ ਵਿਭਾਗ ਦੇ ਸਦਰ ਵੀ ਨਿਯੁਕਤ ਹੋਏ । ਇਹਨਾ ਦਾ ਵਿਆਹ 1960 ਈ. ਵਿੱਚ ਰਜ਼ੀਆ ਖ਼ਾਨਮ ਸਾਹਿਬਾ ਨਾਲ ਹੋਇਆ ਜੋ ਅਬਦੁਲ ਜਬੱਾਰ ਖ਼ਾਨ ਸਾਹਬ ਸਰਗੋਧਾ ਦੀ ਪੁਤੱਰੀ ਸਨ । 1974 ਈ. ਤੱਕ ਟੀ.ਆਈ.ਕਾਲਜ ਰਬਵਾ ਵਿੱਚ ਸੇਵਾ ਕਰਦੇ ਰਹੇ । ਇਸ ਦੇ ਬਾਦ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ (ਤੀਜੇ ਰੂਹਾਨੀ ਖ਼ਲੀਫ਼ਾ ਸਾਹਬ) ਨੇ ਆਪ ਨੂੰ ਨਾਜ਼ਿਰ ਜ਼ਿਯਾਫ਼ਤ ਨਿਯੁਕਤ ਕੀਤਾ । 1982 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ ਸਾਹਬ) ਰਹਿਮਾਹੁਲੱਾਹ ਤਆਲਾ ਨੇ ਆਪ ਨੂੰ ਵਕੀਲੇ ਆਲਾ ਤਹਿਰੀਕੇ ਜਦੀਦ ਨਿਯੁਕਤ ਕੀਤਾ ਇਸ ਦੇ ਨਾਲ ਹੀ ਆਪ ਕੁਝ ਸਮੇਂ ਤੱਕ ਐਡਿਸ਼ਨਲ ਸਦਰ ਮਜਲਿਸ ਤਹਿਰੀਕੇ ਜਦੀਦ ਵੀ ਰਹੇ । ਫਿਰ 1989 ਈ. ਵਿੱਚ ਸਦਰ

ਮਜਲਿਸ ਤਹਿਰੀਕੇ ਜਦੀਦ ਨਿਯੁਕਤ ਹੋਏ ਅਤੇ ਅੰਤਮ ਸਮੇਂ ਤੱਕ ਇਹ ਸਵਾਵਾਂ ਬਜਾ ਲਿਆਉਂਦੇ ਰਹੇ । ਇਸ ਤੋਂ ਬਿਨਾ ਆਪ 1986 ਈ. ਤੋਂ ਦੇਹਾਂਤ ਤੱਕ ਐਡਿਸ਼ਨਲ ਨਾਜ਼ਿਰ ਆਲਾ ਰਹੇ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ (ਤੀਜੇ ਰੂਹਾਨੀ ਖ਼ਲੀਫ਼ਾ ਸਾਹਬ) ਰਹਿਮਾਹੁਲੱਾਹ ਤਆਲਾ ਦੇ ਖ਼ਿਲਾਫ਼ਤ ਕਾਲ ਵਿੱਚ ਆਪ ਨੂੰ ਅਮੀਰ ਮੁਕਾਮੀ (ਲੋਕਲ ਪ੍ਰਧਾਨ) ਬਣਨ ਦਾ ਵੀ ਸਨਮਾਨ ਪ੍ਰਾਪਤ ਹੋਇਆ । ਮਜਲਿਸ ਖ਼ੁਦੱਾਮੁਲ ਅਹਮਦੀਆ ਲੋਕਲ ਰਬਵਾ ਅਤੇ ਮਜਲਿਸ ਖ਼ੁਦੱਾਮੁਲ ਅਹਮਦੀਆ ਮਰਕਜ਼ੀਆ (ਕੇਂਦਰੀ) ਵਿੱਚ ਵੱਖ ਵੱਖ ਉਹਦਿਆਂ'ਤੇ ਸੇਵਾ ਬਜਾ ਲਿਆਉਂਦੇ ਰਹੇ ਅਤੇ ਇਸ ਦੇ ਬਾਦ 1969 ਈ. ਤੋਂ 1973 ਈ ਤੱਕ ਸਦਰ ਮਜਲਿਸ ਖ਼ੁਦੱਾਮੁਲ ਅਹਮਦੀਆ ਮਰਕਜ਼ੀਆ ਦੇ ਰੂਪ ਵਿੱਚ ਵੀ ਸੇਵਾ ਕੀਤੀ । ਇਸ ਜ਼ਮਾਨੇ ਵਿੱਚ ਸਾਰੀ ਦੁਨੀਆ ਵਿੱਚ ਇਕ ਹੀ ਕੇਂਦਰੀ ਮਜਲਿਸ ਖ਼ੁਦੱਾਮੁਲ ਅਹਮਦੀਆ ਸੀ ਅਤੇ ਕੇਂਦਰ ਤੋਂ ਹੀ ਇਸਦਾ ਕੰਟ੍ਰੋਲ ਹੁੰਦਾ ਸੀ । ਹਰ ਦੇਸ਼ ਵਿੱਚ ਵਖੱਰੇ ਵਖੱਰੇ ਸਦਰ ਨਹੀਂ ਨਿਯੁਕਤ ਹੁੰਦੇ ਸਨ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਨੇ ਆਪ ਬਾਰੇ 1970 ਈ. ਦੇ ਇਜਤਮਾ ਖ਼ੁਦੱਾਮੁਲ ਅਹਮਦੀਆ ਮਰਕਜ਼ੀਆ ਨੂੰ ਸੰਬੋਧਤ ਕਰਦਿਆਂ ਹੋਇਆਂ ਫ਼ਰਮਾਇਆ : ਮੈਂ ਇਕ ਨੇਕ ਬੱਚੇ ਨੂੰ ਜਿਸ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਸ਼ਰੀਰਕ ਸੰਬੰਧ ਤਾਂ ਨਹੀਂ ਸੀ ਪਰ ਰੂਹਾਨੀ ਸੰਬੰਧ ਬਹੁਤ ਪਕੱਾ ਸੀ ਖ਼ੁਦੱਾਮੁਲ ਅਹਮਦੀਆਂ ਦੀ ਸਦਾਰਤ (ਪ੍ਰਧਾਨਗੀ) ਸੌਂਪੀ, ਅਲੱਾਹ ਤਆਲਾ ਨੇ ਉਸਨੂੰ ਕੰਮ ਕਰਨ ਦਾ ਸੰਜੋਗ ਪ੍ਰਦਾਨ ਕੀਤਾ ਅਤੇ ਉਸ ਦੇ ਜਤਨਾ ਵਿੱਚ ਬਰਕਤ ਪਾਈ ਅਤੇ ਸਾਡੀਆਂ ਦੁਆਵਾਂ ਨੂੰ ਕੁਬੂਲ ਕੀਤਾ ।

ਆਪ ਜੀ ਦੇ ਪ੍ਰਧਾਨਗੀ ਦੇ ਦੌਰ ਵਿੱਚ ਸਯੱਦਨਾ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਸਾਲਸ (ਤੀਜੇ ਰੂਹਾਨੀ ਖ਼ਲੀਫ਼ਾ ਸਾਹਬ) ਰਹਿਮਾਹੁਲੱਾਹ ਤਆਲਾ ਦੀ ਇਛੱਾ ਅਨੁਸਾਰ ਖ਼ੁਦੱਾਮੁਲ ਅਹਮਦੀਆ ਦੇ ਹਰ ਵਿਭਾਗ ਨੇ ਪ੍ਰਤੱਖ ਤਰੱਕੀ ਕੀਤੀ । 1974 ਈ. ਦੇ ਸੰਕਟਕਾਲ (ਐਮਰਜੈਂਸੀ) ਵਿੱਚ ਵੀ ਚੌਧਰੀ ਸਾਹਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੇ ਨਿਰਦੇਸ਼ਾਂ ਅਨੁਸਾਰ ਮਹਤੱਪੂਰਨ ਸੇਵਾਂਵਾ ਨੇਪਰੇ ਚੜ੍ਹਾਈਆਂ । ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ ਸਾਹਬ) ਰਹਿਮਾਹੁਲੱਾਹ ਤਆਲਾ ਦੀ ਲੰਦਨ ਹਿਜਰਤ ਦੇ ਬਾਦ ਹਜ਼ੂਰ ਦੇ ਨਿਰਦੇਸ਼ਾਂ'ਤੇ ਇੱਥੇ ਆਏ ਅਤੇ ਇਕ ਸਾਲ ਤੋਂ ਵੱਧ ਸਮੇਂ ਤੱਕ ਏਥੇ ਰਹੇ ਅਤੇ ਇੱਥੇ ਜੋ ਜਮਾਤ ਦੀ ਮਰਕਜ਼ੀ (ਕੇਂਦਰੀ) ਵਿਵਸਥਾ ਸੀ ਉਸਨੂੰ ਕਾਇਮ ਕਰਨ ਅਤੇ ਇਸਨੂੰ ਸੈਟ ਕਰਨ ਵਿੱਚ ਇਹਨਾ ਨੇ ਬਹੁਤ ਕਿਰਦਾਰ ਅਦਾ ਕੀਤਾ । 1982 ਈ. ਤੋਂ 1999 ਈ. ਤੱਕ ਸਦਰ ਮਜਲਿਸ ਅੰਸਾਰੁਲੱਾਹ ਦਾ ਸੰਜੋਗ ਪ੍ਰਾਪਤ ਕੀਤਾ । ਜਮਾਤ ਅਹਮਦੀਆ ਦੀ ਸੌਵੀਂ ਵਰ੍ਹੇਗੰਢ (ਜੁਬਲੀ) ਦੀ ਕਮੇਟੀ ਦੇ ਸਦਰ ਹੋਣ ਦੇ ਪੱਖੋਂ ਵੀ ਸੇਵਾਂਵਾਂ ਪ੍ਰਦਾਨ ਕੀਤੀਆਂ । ਇਸ ਤੋਂ ਪਹਿਲਾਂ ਆਪਨੂੰ ਸੈਕ੍ਰੇਟਰੀ ਸੌ ਸਾਲਾ ਵਰ੍ਹੇਗੰਢ ਕਮੇਟੀ ਦੇ ਰੂਪ ਵਿੱਚ ਸੇਵਾ ਬਜਾ ਲਿਆਉਣ ਦਾ ਸੰਜੋਗ ਪ੍ਰਾਪਤ ਹੋਇਆ । ਅਪ੍ਰੈਲ 2003 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ (ਚੌਥੇ ਰੂਹਾਨੀ ਖ਼ਲੀਫ਼ਾ ਸਾਹਬ) ਰਹਿਮਾਹੁਲੱਾਹ ਤਆਲਾ ਦੇ ਅਕਾਲ ਚਲਾਣੇ ਦੇ ਮੌਕੇ ਖ਼ਿਲਾਫ਼ਤ ਚੋਣ ਦੀਆਂ ਸਭਾਵਾਂ ਦੀ ਪ੍ਰਧਾਨਗੀ ਦਾ ਸਨਮਾਨ ਵੀ ਆਪ ਨੂੰ ਪ੍ਰਾਪਤ ਹੋਇਆ । ਵਕੀਲੇ ਆਲਾ ਦੇ ਰੂਪ ਵਿੱਚ ਆਪ ਨੇ ਅਫ਼ਰੀਕਾ ਅਤੇ ਯੂਰੋਪ ਸਣੇ ਅਨੇਕਾਂ ਦੇਸ਼ਾਂ ਦੇ ਦੌਰੇ ਵੀ ਕੀਤੇ । 1973 ਈ. ਵਿੱਚ ਸਨਮਾਨ ਯੋਗ ਸਯੱਦ ਮੀਰ ਦਾਊਦ ਅਹਮਦ ਸਾਹਬ ਦੇ ਦੇਹਾਂਤ'ਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਰਹਿਮਾਹੁਲੱਾਹ ਤਆਲਾ ਨੇ ਆਪ ਨੂੰ ਅਫ਼ਸਰ ਜਲਸਾ ਸਾਲਾਨਾ ਨਿਯੁਕਤ ਕਰ ਦਿਤੱਾ । 1973 ਈ ਤੋਂ ਅੰਤਮ ਸਮੇਂ ਤੱਕ ਆਪ ਅਫ਼ਸਰ ਜਲਸਾ ਸਾਲਾਨਾ ਦੇ ਰੂਪ ਵਿੱਚ ਸੇਵਾਂਵਾਂ ਪ੍ਰਦਾਨ ਕਰਦੇ ਰਹੇ । ਜਲਸਾ ਸਾਲਾਨਾ ਕਾਦੀਆਂ 1991 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲਮ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨੇ ਇਹਨਾ ਨੂੰ ਅਫ਼ਸਰ ਜਲਸਾ ਸਾਲਾਨਾ ਨਿਯੁਕਤ ਕੀਤਾ । 1977 ਈ. ਵਿੱਚ ਇਹਨਾ ਨੂੰ ਅਫ਼ਸਰ ਜਲਸਾ ਸਾਲਾਨਾ ਰਬਵਾ ਤੋਂ ਬਿਨਾ ਨਾਜ਼ਿਰ ਜ਼ਿਯਾਫ਼ਤ ਵੀ ਨਿਯੁਕਤ ਕੀਤਾ ਗਿਆ । 1977 ਈ. ਤੋਂ 1987 ਈ. ਬਤੌਰ ਨਾਜ਼ਿਰ ਜ਼ਿਯਾਫ਼ਤ ਸੇਵਾਵਾਂ ਪ੍ਰਦਾਨ ਕਰਦੇ ਰਹੇ ।

ਆਪ ਜੀ ਦੇ ਪਿਛੋਕੜ ਵਿੱਚ ਆਪ ਦੀ ਸੁਪਤੱਨੀ ਰਜ਼ੀਆ ਖ਼ਾਨਮ ਤੋਂ ਬਿਨਾ ਇਕ ਪੁਤੱਰ ਤੇ ਦੋ ਪੁਤੱਰੀਆਂ ਸ਼ਾਮਲ ਹਨ । ਇਹਨਾ ਦੀ ਸੁਪਤੱਨੀ ਦਸੱਦੀ ਹਨ ਕਿ ਸ਼ਾਦੀ ਦੇ ਬਾਦ ਮੈਂ ਦੇਖਿਆ ਕਿ ਆਪ ਨੂੰ ਜੋ ਅਲਾਉਂਸ ਮਿਲਦਾ ਉਸ ਵਿੱਚੋਂ ਸਭ ਤੋਂ ਪਹਿਲਾਂ ਚੰਦਾ ਕਢੱ ਲੈਂਦੇ ਅਤੇ ਮੈਨੂੰ ਵੀ ਹਮੇਸ਼ਾ ਨਸੀਹਤ ਕਰਦੇ ਕਿ ਪਹਿਲਾਂ ਚੰਦਾ ਦਿਓ । ਬਾਦ ਵਿੱਚ ਹੋਰ ਖ਼ਰਚੇ ਪੂਰੇ ਕਰੋ ਅਤੇ ਮੈਨੂੰ ਵਸੀਯੱਤ ਦੀ ਵੀ ਤਲਕੀਨ ਕੀਤੀ । ਆਪ ਤਹਜੁੱਦ ਪੜ੍ਹਨ ਵਾਲੇ ਸਨ । ਅਖ਼ੀਰ ਦਮ ਤੱਕ ਨਮਾਜ਼ਾਂ ਪੂਰੀਆਂ ਤੇ ਸਮੇਂ ਸਿਰ ਪੜ੍ਹਦੇ ।

ਫਿਰ ਕਹਿੰਦੀ ਹਨ ਕਿ ਬਹੁਤ ਸਤਾਰ (ਪੜਦਾ ਪਾਉਣ ਵਾਲਾ) ਸੁਭਾਉ ਸੀ, ਇਕ ਮਿਹਰਵਾਨ ਪਤੀ ਸਨ, ਬੱਚਿਆਂ ਲਈ ਹਮਦਰਦ ਪਿਤਾ ਸਨ । ਕਿਸੇ ਵੀ ਰਿਸ਼ਤੇਦਾਰ ਕੋਲੋਂ ਨਰਾਜ਼ ਨਹੀਂ ਹੁੰਦੇ ਸਨ । ਸੁਲਾਹ ਵਿੱਚ ਪਹਿਲ ਕਰਦੇ ਸਨ ਅਤੇ ਕਹਿੰਦੇ ਸਨ ਕਿ 'ਅਲਇਜ਼ੱਤੁਲੱਾਹ ਜਮੀਆਂ' ਸਾਰੇ ਸਨਮਾਨ ਰੱਬ ਲਈ ਹੁੰਦੇ ਹਨ । ਆਪਣੇ ਭੈਣ ਭਰਾਵਾਂ ਅਤੇ ਹੋਰਨਾ ਰਿਸ਼ਤੇਦਾਰਾਂ ਦਾ ਬਹੁਤ ਖ਼ਿਆਲ ਰਖੱਦੇ ਸਨ । ਇਹਨਾ ਦੀ ਬੇਟੀ ਕਹਿੰਦੀ ਹਨ ਕਿ ਕਦੇ ਵੀ ਸਾਡੀ ਮਾਂ ਨਾਲ ਉੱਚੀ ਅਵਾਜ਼ ਵਿੱਚ ਗੱਲ ਨਹੀਂ ਕੀਤੀ । ਅਬੂੱ (ਪਿਤਾ ਜੀ) ਕੇਵਲ ਸਾਡੇ ਅਬੂੱ ਨਹੀਂ ਸਨ ਸਗੋਂ ਸਾਡੇ ਮਿਤੱਰ ਵੀ ਸਨ । ਫਿਰ ਕਹਿੰਦੀ ਹਨ ਕਿ ਕਮਰੇ ਵਿੱਚ ਹੀ ਨਮਾਜ਼ ਤਹਜੁੱਦ ਪੜ੍ਹਦੇ ਸਨ । ਇਕ ਦੁਆ ਮੈਨੂੰ ਹੁਣ ਤੱਕ ਚੇਤੇ ਹੈ ਜੋ ਉਹ ਵਾਰ ਵਾਰ ਪੜ੍ਹਿਆ ਕਰਦੇ ਸਨ, 'ਐ ਕਾਦਿਰੋ ਤਵਾਨਾ ਆਫ਼ਾਤ ਸੇ ਬਚਾਨਾ'। ਸਾਡੇ ਪਿਤਾ ਜੀ ਸਾਡੇ ਲਈ ਦੁਆਵਾਂ ਦਾ ਖ਼ਜ਼ਾਨਾ ਸਨ ।

ਹਜ਼ੂਰ ਅਨਵਰ ਨੇ ਫ਼ਰਮਾਇਆ ਆਪ ਹਕੀਕੀ ਅਰਥਾਂ ਵਿੱਚ ਵਕਫ਼ੇ ਜ਼ਿੰਦਗੀ (ਜੀਵਨ ਸਮਰਪਣ) ਦਰ ਹੱਕ ਪੂਰਾ ਕਰਨ ਵਾਲੇ ਸਨ । ਖਾਣ ਪੀਣ ਅਤੇ ਸੌਣ ਤੋਂ ਬਿਨਾ ਆਪਨੇ ਕੇਵਲ ਜਮਾਤੀ ਕੰਮ ਕੀਤਾ, ਕੋਈ ਸਮਾਂ ਨਸ਼ਟ ਨਹੀਂ ਕੀਤਾ ।

ਇਹਨਾ ਦੇ ਪੁਤੱਰ ਲਿਖੱਦੇ ਹਨ ਕਿ ਆਪ ਹਮੇਸ਼ਾ ਤੇ ਗਲੱਾਂ'ਤੇ ਜ਼ੋਰ ਦਿੰਦੇ ਸਨ ਕਿ ਨਮਾਜ਼ਾਂ ਅਤੇ ਸਮੇਂ ਦੇ ਖ਼ਲੀਫ਼ਾ ਦਾ ਖ਼ੁਤਬਾ ਕਿਸੇ ਵੀ ਅਵਸਥਾ ਵਿੱਚ ਮਿਸ (Miss) ਨਹੀਂ ਕਰਨਾ ਚਾਹੀਦਾ ਅਤੇ ਸਮੇਂ ਦੇ ਖ਼ਲੀਫ਼ਾ ਨੇ ਜੋ ਵੀ ਨਿਰਦੇਸ਼ ਦਿਤੱੇ ਹਨ ਉਹਨਾਂ'ਤੇ ਭਰਪੂਰ ਅਮਲ ਕਰਦਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਮੈਂ ਸਾਰਿਆਂ ਨਾਜ਼ਿਰਾਂ ਤੇ ਵਕੀਲਾਂ ਨੂੰ ਕਿਹਾ ਸੀ ਕਿ ਬਾਹਰ ਜਮਾਤਾਂ ਵਿੱਚ ਜਾਣ ਅਤੇ ਲੋਕਾਂ ਨੂੰ ਮਿਲਣ ਅਤੇ ਮੇਰਾ ਸਲਾਮ ਪਹੁੰਚਾਉਣ ਤਾਂ ਚੋਧਰੀ ਸਾਹਬ ਵੀ ਦੋ ਵਾਰ ਗਏ । ਜ਼ਿਲਾ ਸਰਗੋਧਾ ਉਹਨਾ ਦੇ ਸੁਪੁਰਦ ਸੀ ਅਤੇ ਕੋਈ ਘਰ ਉਹਨਾ ਨੇ ਨਹੀਂ ਛੱਡਿਆ, ਹਰ ਘਰ ਤੱਕ ਪਹੁੰਚੇ ਅਤੇ ਮੇਰੇ ਸਲਾਮ ਪਹੁੰਚਾਇਆ । ਆਪ ਇਹ ਕਿਹਾ ਕਰਦੇ ਸਨ ਕਿ ਜੋ ਮਾਮਲਾ ਹੋਵੇ ਭਾਵੇਂ ਛੋਟਾ ਹੋਵੇ ਜਾਂ ਵਡੱਾ ਹੋਵੇ, ਗ਼ਲਤੀ ਵੀ ਹੋ ਗਈ ਤਾਂ ਸਮੇਂ ਦੇ ਖ਼ਲੀਫ਼ਾ ਸਾਹਬ ਨੂੰ ਬਾਖ਼ਬਰ ਰਖੱਣਾ ਅਤੇ ਲਾਜ਼ਮੀ ਤੌਰ'ਤੇ ਉਹਨਾ ਦੀ ਜਾਣਕਾਰੀ ਵਿੱਚ ਲਿਆਉ । ਇਸ ਰਾਹੀਂ ਦੁਆ ਵੀ ਹੋ ਜਾਂਦੀ ਹੈ ਅਤੇ ਸੁਧਰ ਵੀ ਹੋ ਜਾਂਦਾ ਹੈ । ਕਈ ਵਾਰ ਕਿਸੇ ਦੌਰੇ ਵਿੱਚ ਕਈ ਜਮਾਤਾਂ ਕਹਿੰਦੀਆ ਕਿ ਅੱਜ ਕੋਈ ਭਾਸ਼ਣ ਦੇ ਦੇਣ ਤਾਂ ਇਨਕਾਰ ਕਰ ਦਿਆ ਕਰਦੇ ਸਨ ਕਿ ਜਿਸ ਗੱਲ ਦਾ ਮੈਨੂੰ ਆਦੇਸ਼ ਮਿਲਿਆ ਹੈ ਮੈਂ ਉਹੋ ਕਰਾਂਗਾ ।

ਲਈਕ ਆਬਿਦ ਸਾਹਬ ਨੇ ਲਿੱਖਿਆ ਕਿ ਛੋਟੇ ਛੋਟੇ ਮਾਮਲਿਆਂ ਵਿੱਚ ਬਹੁਤ ਸਾਵਧਾਨੀ ਨਾਲ ਕੰਮ ਲੈਂਦੇ ਸਨ । ਕੋਈ ਡ੍ਰਾਫ਼ਟ ਬਿਲ ਜਾਂ ਪਤੱਰ ਪੂਰਾ ਪੜ੍ਹੇ ਬਿਨਾ ਹਸਥਾਖ਼ਰ ਨਹੀਂ ਕਰਦੇ ਸਨ ਅਤੇ ਇਹ ਬਹੁਤ ਜ਼ਰੂਰੀ ਗੱਲ ਹੈ ਅਫ਼ਸਰਾਂ ਲਈ ਕਿ ਬਿਨਾ ਦੇਖੇ ਸਾਈਨ ਨ ਕੀਤਾ ਕਰਨ । ਸਮੇਂ ਦੀ ਪਾਬੰਦੀ ਕਰਦੇ ਅਤੇ ਹਰ ਕੰਮ ਸਮੇਂ ਸਿਰ ਕਰਨ ਦੀ ਆਦਤ ਐਨ੍ਹੀ ਪੱਕੀ ਸੀ ਕਿ ਸੰਭਵਤਾ ਸਮੇਂ'ਤੇ ਸਵਾਰ ਹੋਣ, ਜਿਵੇਂ ਚਾਹੁਣ ਉਸਨੂੰ ਮਰੋੜ ਲੈਂਣ । ਐਨ੍ਹੀ ਸਮੇਂ ਦੀ ਪਾਬੰਦੀ ਦੇ ਹੁੰਦਿਆਂ ਹੋਇਆਂ ਵੀ ਅਦਬ ਦੇ ਤਕਾਦਿਆਂ ਦਾ ਬਹੁਤ ਧਿਆਨ ਰਖੱਣ ਵਾਲੇ ਸਨ । ਮਸਜਿਦ ਵਿੱਚ ਨਮਾਜ਼ ਲਈ ਜਾਂਦੇ ਤਾਂ ਜ਼ਿਕਰੇ ਇਲਾਹੀ ਵਿੱਚ ਲੀਨ ਹੋ ਜਾਂਦੇ ।

ਸਮੀਉਲੱਾਹ ਸਿਆਲ ਸਾਹਬ ਕਹਿੰਦੇ ਹਨ ਕਿ ਸਦਗੁਣਾ ਦੇ ਪੱਖੋਂ ਉਹ ਇਕ ਮਹਾਨ ਵਿਅਕਤੀ ਸਨ । ਇਕ ਹਮਦਰਦ, ਹੌਸਲੇ ਵਾਲੇ ਤੇ ਹਰ ਸਮੇਂ ਧਰਮ ਦੀ ਸੇਵਾ ਲਈ ਤਤਪਰ ਰਹਿਣ ਵਾਲੇ ਅਤੇ ਏਖ਼ਲਾਫ਼ਤ ਨਾਲ ਅਥਾਹ ਪ੍ਰੇਮ ਰਖੱਣ ਵਾਲੇ ਵੁਜੂਦ ਸਨ । ਨਵੇਂ ਆਉਂਣ ਵਾਲੇ ਵਾਕਫ਼ੀਨ ਦੀ ਬਹੁਤ ਉਮਦਗੀ ਨਾਲ ਤਰਬੀਯਤ ਕਰਦੇ ਸਨ ।

ਹਲੀਮ ਕੁਰੈਸ਼ੀ ਸਾਹਬ ਕਹਿੰਦੇ ਹਨ ਕਿ ਪ੍ਰਬੰਧਕੀ ਮਾਮਲਿਆਂ ਅਤੇ ਆਰਥਕ ਮਾਮਲਿਆਂ ਵਿੱਚ ਬਹੁਤ ਪਕੜ ਸੀ । ਕਦੇ ਵੀ ਕੁਪ੍ਰਬੰਧ ਸਹਿਨ ਨਹੀਂ ਕਰਦੇ ਸਨ । ਆਰਥਕ ਮਾਮਲਿਆਂ'ਥੇ ਡੂੰਗੀ ਦ੍ਰਿਸ਼ਟੀ ਰਖੱਦੇ ਅਤੇ ਕੀਮਤਾਂ ਬਾਰੇ ਅੱਪਡੇਟ ਲੈਂਦੇ ਰਹਿੰਦੇ । ਜੇਕਰ ਕੋਈ ਬਿਲ ਆਉਂਦਾ ਅਤੇ ਉਸ ਵਿੱਚ ਦੱਸ ਰੁਪਏ ਵੀ ਵੱਧ ਹੁੰਦੇ ਤਾਂ ਪੁੱਛ ਗਿੱਛ ਕਰਦੇ ਕਿ ਫ਼ਲਾਣੀ ਦੁਕਾਨ'ਥੇ ਇਸ ਚੀਜ਼ ਦਾ ਮੁੱਲ ਸੌ ਰੁਪਏ ਹੈ ਅਤੇ ਆਪ ਨੇ ਇਕ ਸੌ ਦੱਸ ਰੁਪਏ ਖ਼ਰਚ ਕੀਤੇ ਹਨ ।

ਮਾਜਿਦ ਤਾਹਿਰ ਸਾਹਬ ਵਕੀਲੁਤ ਤਬਸ਼ੀਰ ਲੰਦਨ ਲਿਖੱਦੇ ਹਨ ਕਿ ਆਪ ਦੇ ਸਮੇਂ ਦਾ ਹਰ ਪੱਲ ਧਰਮ ਦੀ ਸੇਵਾ ਵਿੱਚ ਲੰਘਿਆ । ਵੱਖ ਵੱਖ ਦਫ਼ਤਰੀ ਮਾਮਲਿਆਂ ਦੀ ਕਾਰਵਾਈ ਵਿੱਚ ਜੋ ਸਮੇਂ ਦੇ ਖ਼ਲੀਫ਼ਾ ਸਾਹਬ ਵੱਲੋਂ ਨਿਰਦੇਸ਼ ਚੋਧਰੀ ਸਾਹਬ ਨੂੰ ਪਹੁੰਚਾਏ ਜਾਂਦੇ ਤਾਂ ਝੱਟ ਬਿਨਾ ਦੇਰੀ ਕੀਤਿਆਂ ਉਹਨਾ'ਤੇ ਕਾਰਵਾਈ ਪਾਉਂਦੇ । ਨਿਸ਼ਚੇ ਹੀ ਆਪ ਦਾ ਉਠੱਣਾ ਬੈਠਣਾ ਤੇ ਖੜੇ ਹੋਣਾ, ਚਲਣਾ

ਬੋਲਣਾ ਅਤੇ ਚੱਪ ਰਹਿਣਾ ਸਮੇਂ ਦੇ ਖ਼ਲੀਫ਼ਾ ਹੇਠ ਸੀ । ਜੋ ਲੋਕ ਨੀਯੱਮਾ ਨੂੰ ਸਮੇਂ ਦੇ ਖ਼ਲੀਫ਼ਾ ਸਾਹਬ ਦੇ ਕਹਿਣ'ਤੇ ਵੀ ਬਹੁਤਾ ਉਪੱਰ ਸਮਝਦੇ ਹਨ ਕਿ ਨੀਯੱਮ ਲਿੱਖੇ ਗਏ ਹਨ, ਜਮਾਤ ਦਾ ਉਹਨਾ'ਤੇ ਹੀ ਅਮਲ ਹੋਣਾ ਚਾਹੀਦਾ ਹੈ, ਉਹਨਾਂ ਲੋਕਾਂ ਨੂੰ ਹਮੇਸ਼ਾ ਇਹ ਕਿਹਾ ਕਰਦੇ ਸਨ ਕਿ ਜੋ ਸਮੇਂ ਦੇ ਖ਼ਲੀਫ਼ਾ ਸਾਹਬ ਨਿਰਦੇਸ਼ ਦਿੰਦੇ ਹਨ ਉਹਨਾ'ਤੇ ਅਮਲ ਕਰੋ, ਇਹੋ ਆਪ ਲਈ ਨੀਯੱਮ ਹਨ ।

ਮੁਬਾਰਕ ਸਿੱਦੀਕੀ ਸਾਹਬ ਕਹਿੰਦੇ ਹਨ ਕਿ ਇਕ ਵਾਰ ਟੀ. ਆਈ ਕਾਲਜ ਵਿੱਚ ਮੀਟਿੰਗ ਸਮੇਂ ਮੈਂ ਇਹਨਾਂ ਨੂੰ ਕਿਹਾ ਕਿ ਅਲੱਾਹ ਤਆਲਾ ਨੇ ਆਪ ਨੂੰ ਇਕ ਲੰਮਾ ਸਮਾਂ ਸੇਵਾ ਕਰਨ ਦਾ ਸੰਜੋਗ ਪ੍ਰਦਾਨ ਕੀਤਾ ਹੈ ਵੱਡੇ ਵੱਡੇ ਸਨਮਾਨਾ ਨਾਲ ਨਿਵਾਜ਼ਿਆ ਹੈ । ਸਾਨੂੰ ਇਸ ਸਫ਼ਲਤਾ ਦਾ ਭੇਦ ਦੱਸੋ, ਕੋਈ ਨਸੀਹਤ ਕਰਨ । ਇਸ'ਤੇ ਉਹਨਾ ਨੇ ਕਿ ਇਕ ਹੀ ਭੇਦ ਹੈ ਅਤੇ ਉਹ ਇਹ ਹੈ ਕਿ ਆਪਣੇ ਗਿਆਨ ਤੇ ਆਪਣੀ ਅਕਲ ਨੂੰ ਕੁਝ ਨ ਸਮਝੋ ਅਤੇ ਅਖੱਾਂ ਬੰਦ ਕਰਕੇ ਸਮੇਂ ਦੇ ਖ਼ਲੀਫ਼ਾ ਦੀ ਆਗਿਆ ਪਾਲਣ ਕਰੋ । ਅਜਿਹੀ ਅਗਿਆਪਾਲਣਾ ਹੋਵੇ ਕਿ ਆਪ ਦਾ ਦਿਲ ਗਵਾਹੀ ਦੇਵੇ ਕਿ ਮੈਂ ਆਗਿਆ ਦਾ ਹੱਕ ਪੂਰਾ ਕਰਨ ਦਾ ਭਰਪੂਰ ਜਤਨ ਕੀਤਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਖ਼ਿਲਾਫ਼ਤ ਨੂੰ ਇਹਨਾ ਵਰਗੇ ਸੁਲਤਾਨੇ ਨਸੀਰ (ਮਹਾਨ ਸਹਾਇਕ) ਮਿਲਦੇ ਰਹਿਣ । ਪਾਕਿਸਤਾਨ ਦੇ ਹਾਲਾਤਾਂ ਬਾਰੇ ਵੀ ਦੁਆ ਕਰਦੇ ਰਹੋ । ਪਾਕਿਸਤਾਨ ਦੇ ਜੋ ਹਾਲਾਤ ਹਨ ਉਹ ਰੱਬ ਛੇਤੀ ਬਦਲੇ ਅਤੇ ਉੱਥੇ ਅਹਮਦੀਆਂ ਨੂੰ ਅਜ਼ਾਦੀ ਨਾਲ ਆਪਣੇ ਜੀਵਨ ਲੰਘਾਉਣ ਦਾ ਸੰਜੋਗ ਪ੍ਰਦਾਨ ਕਰੇ ।

ਦੂਜੀ ਜੋ ਮਹਤੱਵਪੂਰਨ ਗੱਲ ਮੈਂ ਆਖਣਾ ਚਾਹੁੰਦਾ ਹਾਂ ਉਹ ਇਹ ਕਿ ਕਰੋਨਾ ਦੀ ਜੋ ਵਬਾ ਫ਼ੈਲੀ ਹੋਈ ਹੈ ਦੁਨੀਆ ਵਿੱਚ ਇਸ ਵਿੱਚ ਅਹਮਦੀ ਵੀ ਸਾਵਧਾਨੀ ਦੇ ਜੋ ਸਾਧਨ ਵਰਨ ਦਾ ਹੱਕ ਹੈ ਪੂਰਾ ਨਹੀਂ ਕਰ ਰਹੇ । ਨ ਤਾਂ ਯੂਕੇ ਵਿੱਚ ਨ ਅਮਰੀਕਾ ਵਿੱਚ, ਨ ਪਾਕਿਸਤਾਨ ਵਿੱਚ ਅਤੇ ਨ ਹੀ ਕਿਸੇ ਹੋਰ ਦੇਸ਼ ਵਿੱਚ । ਪੂਰੀ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ, ਮਾਸਕ ਆਦਿ ਪਾਉਂਣਾ ਚਾਹੀਦਾ ਹੈ । ਮਾਸਕ ਪਾਇਆ ਹੁੰਦਾ ਹੈ ਪਰ ਨੱਕ ਨੰਗਾ ਹੁੰਦਾ ਹੈ । ਜੱਦਕਿ ਨੱਕ ਢੱਕਿਆ ਹੋਣਾ ਚਾਹੀਦਾ ਹੈ ਜਾਂ ਗੱਲ੍ਹ ਵਿੱਚ ਮਾਸਕ ਰੱਖਿਆ ਹੁੰਦਾ ਹੈ, ਇਉਂ ਮਾਸਕ ਪਾਉਣ ਦਾ ਕੀ ਲਾਭ ? ਫਿਰ ਆਪੋ ਵਿੱਚ ਨੇੜੇ ਹੋਕੇ ਮਿਲਣਾ, ਸੋਸ਼ਲ ਡਿਸਟੈਂਸ ਨਹੀਂ ਰਖੱਦੇ, ਜੋ ਨੀਯੱਮ ਸਰਕਾਰ ਨੇ ਰੱਖੇ ਨੀਯੱਤ ਕੀਤੇ ਹਨ, ਉਹਨਾਂ'ਤੇ ਅਮਲ ਨਹੀਂ ਕਰਦੇ । ਉਹਨਾਂ ਸਾਰੀਆਂ ਗਲੱਾਂ'ਤੇ ਅਮਲ ਕਰਨਾ ਚਾਹੀਦਾ ਹੈ ਨਹੀਂ ਤਾਂ ਇਹ ਵਬਾ (ਰੋਗ) ਉਸੇ ਪ੍ਰਕਾਰ ਇਕ ਦੂਜੇ ਵਿੱਚ ਫੈਲਦਾ ਜਾਵੇਗਾ । ਇਹ ਵੀ ਜਤਦਨ ਕਰਨਾ ਚਾਹੀਦਾ ਹੈ ਕਿ ਅੱਜ ਕਲ ਯਾਤਰਾ ਘੱਟ ਕਰਨ । ਅਕਾਰਣ ਬਿਨਾ ਲੋੜਦੇ ਯਾਤਰਾ ਨ ਕਰਨ । ਸਫ਼ਰ ਨੂੰ avoid ਕਰਨ । ਬਹਿਰਹਾਲ, ਅਲੱਾਹ ਤਆਲਾ ਇਸ ਵਬਾ ਨੂੰ ਛੇਤੀ ਤੋਂ ਛੇਤੀ ਦੂਰ ਕਰੇ ਅਤੇ ਜੋ ਅਹਮਦੀ ਬਿਮਾਰ ਹਨ ਉਹਨਾ ਨੂੰ ਵੀ ਅਤੇ ਜੋ ਅਹਮਦੀ ਨਹੀਂ ਹਨ ਅਤੇ ਰੋਗੀ ਹਨ ਉਹਨਾ ਨੂੰ ਵੀ ਸਿਹਤ ਪ੍ਰਦਾਨ ਕਰੇ ।

ਨਮਾਜ਼ਾਂ ਦੇ ਬਾਦ ਮੈਂ ਇਨਸ਼ਾਅਲੱਾਹ ਚੋਧਰੀ ਸਾਹਬ ਦਾ ਜਨਾਜ਼ਾ ਗ਼ਾਇਬ ਵੀ ਪੜ੍ਹਾਵਾਂਗਾ

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَاللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی
وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 12.02.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131